.BFA REPUBLIK ÖSTERREICH BUNDESAMT FÜR FREMDENWESEN UND ASYL

# ਸੰਯੁਕਤ ਡਾਟਾ ਪ੍ਰੋਸੈਸਿੰਗ ਤੇ ਜਾਣਕਾਰੀ

## “ਕੇਂਦਰੀ ਪਛਾਣ ਦਸਤਾਵੇਜ਼ ਰਜਿਸਟਰੀ (IDR)”

## ਜਨਰਲ ਡਾਟਾ ਪ੍ਰੋਟੈਕਸ਼ਨ ਰੈਗੂਲੇਸ਼ਨ (DSGVO) ਦੀ ਧਾਰਾ 13 ਅਤੇ 14 ਦੇ ਅਨੁਸਾਰ

### ਕੰਟ੍ਰੋਲਰ ਦਾ ਨਾਮ ਅਤੇ ਸੰਪਰਕ ਵੇਰਵੇ:

Bundesamt für Fremdenwesen und Asyl (ਇਮੀਗ੍ਰੇਸ਼ਨ ਅਤੇ ਪਨਾਹ ਦਾ ਸੰਘੀ ਦਫ਼ਤਰ)
Modecenterstraße 22, 1030 Wien
ਫੋਨ: +43- 59 133 98 7004

ਫੈਕਸ: +43- 59 133 98 7399

ਈਮੇਲ: BFA-Einlaufstelle@bmi.gv.at

### ਡਾਟਾ ਸੁਰੱਖਿਆ ਅਫ਼ਸਰ ਦੇ ਸੰਪਰਕ ਵੇਰਵੇ:

ਫੋਨ: +43- 59 133 98 - 0

ਈਮੇਲ: BFA-Datenschutzbeauftragter@bmi.gv.at

### ਪ੍ਰੋਸੈਸਿੰਗ ਦੇ ਉਦੇਸ਼ ਜਿਨ੍ਹਾਂ ਲਈ ਵਿਅਕਤੀਗਤ ਡਾਟਾ ਹੈ:

ਅਜਿਹੀ ਡਾਟਾ ਪ੍ਰੋਸੈਸਿੰਗ ਦਾ ਉਦੇਸ਼ ਪਾਸਪੋਰਟ ਜਾਂ ਪਛਾਣ ਕਾਰਡ ਦੇ ਜਾਰੀ ਕਰਨ ਨੂੰ ਪੂਰੇ ਕੀਤੇ ਜਾਣ 'ਤੇ ਜਾਂ ਇਸ ਸੰਘੀ ਕਾਨੂੰਨ ਦੇ ਅਨੁਸਾਰ ਕਾਰਵਾਈਆਂ 'ਤੇ, ਪਾਸਪੋਰਟ ਕਾਨੂੰਨ ਦੀ ਧਾਰਾ 22b, ਸੈਕਸ਼ਨ 4 ਦੇ ਅਨੁਸਾਰ ਅਥਾਰਟੀ ਨੂੰ ਸੂਚਿਤ ਕਰਨਾ ਹੈ।

### ਪ੍ਰੋਸੈਸਿੰਗ ਲਈ ਕਾਨੂੰਨੀ ਆਧਾਰ:

ਪਾਸਪੋਰਟ ਕਾਨੂੰਨ ਦੀ ਧਾਰਾ 3, 16, 22a, ਸੰਘੀ ਕਾਨੂੰਨ ਗੈਜ਼ੇਟ ਨੰ. 839/1992 ਜਿਵੇਂ ਸੋਧਿਆ ਗਿਆ ਹੈ, ਪਾਸਪੋਰਟ ਕਾਨੂੰਨ ਲਾਗੂ ਕਰਨ ਲਈ ਰੈਗੂਲੇਸ਼ਨ (PassG-DV), ਸੰਘੀ ਕਾਨੂੰਨ II ਗੈਜ਼ੇਟ ਨੰ. 223/2006 ਜਿਵੇਂ ਸੋਧਿਆ ਗਿਆ ਹੈ, ਪਾਸਪੋਰਟ ਫ਼ਰਮਾਨ (PassV) ਦੇ ਨਾਲ, ਸੰਘੀ ਕਾਨੂੰਨ ਗੈਜ਼ੇਟ ਨੰ. 861/1995 ਜਿਵੇਂ ਸੋਧਿਆ ਗਿਆ ਹੈ, ਈ-ਗਵਰਨਮੈਂਟ ਕਾਨੂੰਨ (E-GovG), ਸੰਘੀ ਕਾਨੂੰਨ I ਗੈਜ਼ੇਟ ਨੰ. 10/2004 ਜਿਵੇਂ ਸੋਧਿਆ ਗਿਆ ਹੈ, ਸੋਰਸPIN ਰਜਿਸਟਰ ਰੈਗੂਲੇਸ਼ਨ ਦੇ ਨਾਲ (StZReg), ਸੰਘੀ ਕਾਨੂੰਨ II ਗੈਜ਼ੇਟ ਨੰ. 57/2005 ਜਿਵੇਂ ਸੋਧਿਆ ਗਿਆ ਹੈ,

### ਸਮਾਂ ਜਿਸ ਲਈ ਵਿਅਕਤੀਗਤ ਡਾਟਾ ਸਟੋਰ ਕੀਤਾ ਜਾਵੇਗਾ:

ਕਾਰਵਾਈਆਂ ਸੰਬੰਧੀ ਡਾਟੇ ਨੂੰ ਉਦੋਂ ਛੇਤੀ ਤੋਂ ਛੇਤੀ ਮਿਟਾ ਦਿੱਤਾ ਜਾਵੇਗਾ ਜਦੋਂ ਇਸ ਦੀ ਅੱਗੇ ਲੋੜ ਨਹੀਂ ਹੈ, ਹਾਲਾਂਕਿ ਪਾਸਪੋਰਟ ਜਾਰੀ ਕਰਨ ਦੇ ਫੈਸਲੇ ਤੋਂ ਜ਼ਿਆਦਾ ਤੋਂ ਜ਼ਿਆਦਾ 10 ਸਾਲ ਬਾਅਦ। ਪਾਸਪੋਰਟ ਦੀ ਵੈਧਤਾ ਦੀ ਮਿਆਦ ਖਤਮ ਹੋਣ ਤੋਂ ਜ਼ਿਆਦਾ ਤੋਂ ਜ਼ਿਆਦਾ 6 ਸਾਲਾਂ ਬਾਅਦ, ਸਰਟੀਫਿਕੇਟਾਂ ਦਾ ਡਾਟਾ ਪਛਾਣ ਪੱਤਰ ਦੇ ਅਯੋਗ ਹੋਣ ਤੋਂ ਇੱਕ ਸਾਲ ਬਾਅਦ ਮਿਟਾ ਦਿੱਤਾ ਜਾਵੇਗਾ। ਐਪਲੀਕੇਸ਼ਨ ਡਾਟਾ ਅਜਿਹੀਆਂ ਕਾਰਵਾਈਆਂ ਦੀ ਕਨੂੰਨੀ ਤੌਰ 'ਤੇ ਬਾਈਡਿੰਗ ਪੂਰੀ ਹੋਣ ਤੋਂ ਬਾਅਦ

ਚੱਲ ਰਹੀਆਂ ਕਾਰਵਾਈਆਂ ਦੀਆਂ ਐਨਾਟੇਸ਼ਨਾਂ ਦੀ ਵੈਧ ਤਰੀਕੇ ਨਾਲ ਵਾਪਸੀ ਜਾਂ ਇਸ ਦੀ ਕਾਨੂੰਨੀ ਤੌਰ ਤੇ ਬਾਈਡਿੰਗ ਰੱਦ ਕਰਨ ਨਾਲ ਮਿਟਾ ਦਿੱਤਾ ਜਾਵੇਗਾ। ਪਾਸਪੋਰਟ ਅਤੇ ਪਛਾਣ ਕਾਰਡ ਅਯੋਗ ਹੋਣ ਤੋਂ ਇੱਕ ਸਾਲ ਬਾਅਦ ਮਿਟਾ ਦਿੱਤਾ ਜਾਵੇਗਾ, ਹਾਲਾਂਕਿ ਆਖਰੀ ਵੈਧਤਾ ਦੀ ਮਿਆਦ ਖਤਮ ਹੋਣ ਤੋਂ 6 ਸਾਲਾਂ ਦੇ ਅੰਦਰ-ਅੰਦਰ। ਗੁੰਮ ਜਾਂ ਏਲੀਅਨੇਟਡ ਪਾਸਪੋਰਟ ਦਾ ਡਾਟਾ ਉਨ੍ਹਾਂ ਦੀ ਆਖਰੀ ਵੈਧਤਾ ਦੀ ਮਿਆਦ ਪੂਰੀ ਹੋਣ ਦੇ 6 ਸਾਲਾਂ ਬਾਅਦ ਮਿਟਾ ਦਿੱਤਾ ਜਾਵੇਗਾ; ਗੁੰਮ ਜਾਂ ਏਲੀਅਨੇਟਡ ਪਾਸਪੋਰਟ ਦੇ ਵਿਕਲਪਾਂ ਦਾ ਡਾਟਾ ਉਨ੍ਹਾਂ ਦੀ ਵੈਧਤਾ ਦੀ ਮਿਆਦ ਪੂਰੀ ਹੋਣੇ ਤੋਂ ਇੱਕ ਸਾਲ ਬਾਅਦ ਮਿਟਾ ਦਿੱਤਾ ਜਾਵੇਗਾ। ਪਾਸਪੋਰਟ ਕਾਨੂੰਨ ਦੀ ਧਾਰਾ 22a, ਸੈਕਸ਼ਨ 1, ਆਈਟਮ k ਨਾਲ ਸੰਬੰਧਿਤ ਡਾਟਾ ਅਜਿਹੇ ਦਸਤਾਵੇਜ਼ ਦੇ ਭੇਜੇ ਜਾਣ ਦੇ ਦੋ ਮਹੀਨਿਆਂ ਦੇ ਅੰਦਰ ਅੰਦਰ ਮਿਟਾਇਆ ਜਾਵੇਗਾ (ਧਾਰਾ 3, ਪਾਸਪੋਰਟ ਕਾਨੂੰਨ ਦੀ ਧਾਰਾ 6) ਅਤੇ ਇਸਦੇ ਨਾਲ ਭੇਜਣ ਤੋਂ ਚਾਰ ਮਹੀਨੇ ਬਾਅਦ ਯੂਰੋਪ ਦੇ ਸੰਘੀ ਮੰਤਰਾਲੇ, ਏਕੀਕਰਣ ਅਤੇ ਵਿਦੇਸ਼ੀ ਮਾਮਲਿਆਂ ਦੀ ਸ਼ਮੂਲੀਅਤ ਨਾਲ ਭੇਜੇ ਜਾਣ ਦੇ ਚਾਰ ਮਹੀਨਿਆਂ ਦੇ ਅੰਦਰ-ਅੰਦਰ, ਅਰਜ਼ੀ ਦੀ ਕਾਨੂੰਨੀ ਤੌਰ ਤੇ ਬਾਈਂਡਿੰਗ ਅਪ੍ਰਵਾਨਗੀ ਜਾਂ ਰੱਦੀਕਰਨ ਦੇ ਨਾਲ ਵੈਧ ਵਾਪਸੀ ਦੇ ਨਾਲ।

**ਵਿਅਕਤੀਗਤ ਡਾਟਾ ਪ੍ਰਾਪਤ ਕਰਨ ਵਾਲਿਆਂ ਦੀਆਂ ਸ਼੍ਰੇਣੀਆਂ:**

ਹੋਰ ਸਥਾਨਕ ਯੋਗ ਪਾਸਪੋਰਟ ਅਧਿਕਾਰੀਆਂ; ਸੁਰੱਖਿਆ ਏਜੰਸੀਆਂ; ਈ-ਗਵਰਨਮੈਂਟ ਕਾਨੂੰਨ ਵਿੱਚ ਨਿਰਧਾਰਿਤ ਯੋਗਤਾਵਾਂ ਦੇ ਅੰਦਰ ਸੋਰਸPIN ਰਜਿਸਟਰ ਅਥਾਰਟੀ

ਪ੍ਰੋਸੈਸਰ: IBM Österreich - Internationale Büromaschinen Gesellschaft m.b.H.; Microsoft Österreich GmbH; Bundesrechenzentrum GmbH.; Österreichische Staatsdruckerei GmbH

**ਡਾਟੇ ਵਾਲੇ ਵਿਅਕਤੀ ਦੇ ਅਧਿਕਾਰ**:

ਆਸਟ੍ਰੀਅਨ ਡਾਟਾ ਸੁਰੱਖਿਆ ਅਥਾਰਟੀ (1080 Wien, Wickenburggasse 8, ਫੋਨ +43 1 52 152-0, ਈਮੇਲ dsb@dsb.gv.at) ਕੋਲ ਸ਼ਿਕਾਇਤ ਦਰਜ ਕਰਨ ਦਾ ਅਧਿਕਾਰ ਡਾਟਾ ਸੁਰੱਖਿਆ ਐਕਟ (DSG) ਦੀ ਧਾਰਾ 24, ਪੈਰਾ 1 ਦੇ ਅਨੁਸਾਰ ਲਾਗੂ ਹੁੰਦਾ ਹੈ।

ਪਹੁੰਚ ਦਾ ਅਧਿਕਾਰ DSGVO ਦੀ ਧਾਰਾ 15 ਵਿੱਚ ਦਿੱਤਾ ਗਿਆ ਹੈ।

ਸੋਧ ਦਾ ਅਧਿਕਾਰ DSGVO ਦੀ ਧਾਰਾ 16 ਵਿੱਚ ਦਿੱਤਾ ਗਿਆ ਹੈ।

ਮਿਟਾਉਣ ਦਾ ਅਧਿਕਾਰ ('ਭੁੱਲ ਜਾਣ ਦਾ ਅਧਿਕਾਰ') DSGVO ਦੀ ਧਾਰਾ 17 ਵਿੱਚ ਦਿੱਤਾ ਗਿਆ ਹੈ।

ਨਾ ਹੀ ਧਾਰਾ 21 DSGVO ਦੇ ਅਨੁਸਾਰ ਇਤਰਾਜ਼ ਦਾ ਕੋਈ ਅਧਿਕਾਰ ਅਤੇ ਨਾ ਹੀ ਧਾਰਾ 18 DSGVO ਦੇ ਅਨੁਸਾਰ ਡਾਟਾ ਪ੍ਰੋਸੈਸਿੰਗ ਤੇ ਪਾਬੰਦੀ ਦਾ ਕੋਈ ਅਧਿਕਾਰ ਲਾਗੂ ਹੁੰਦਾ ਹੈ।